# M.B.D ਗਰੁੱਪ ਦਾ 76 ਵਾ ਸਥਾਪਨਾ ਦਿਵਸ ! ਪੜ੍ਹੋਂ ਅਸ਼ੋਕ ਕੁਮਾਰ ਮਲਹੋਤਰਾ ਨੇ ਕੀ ਕਿਹਾ ?

Print

2021-07-10 15:27:16 ( **ਖ਼ਬਰ ਵਾਲੇ ਬਿਊਰੋ** )

ਡੀਗੜ੍ਹ 10 ਜੁਲਾਈ- ਸਿੱਖਿਆ ਦਾ ਮੋਢੀ ਅਤੇ ਸਭ ਤੋਂ ਵੱਡਾ ਬਰਾਂਡ ਅਤੇ ਭਾਰਤ ਦੇ ਸਭ ਤੋਂ ਵਿਹਾਰਕ ਹੱਸਪੀਟੈਲਿਟੀ ਅਤੇ ਰਿਅਲ ਇਸਟੇਟ ਦੇ ਬਰਾਂਡ, ਐੱਮ.ਬੀ.ਡੀ. ਰੁੱਪ ਨੇ ਸਥਾਪਨਾ ਦਿਵਸ ਅਤੇ ਆਪਣੇ ਸੰਸਥਾਪਕ ਸ੍ਰੀ ਅਸ਼ੋਕ ਕੁਮਾਰ ਮਲਹੋਤਰਾ ਜੀ ਦੀ 10 ਜੁਲਾਈ 2021 ਨੂੰ 76ਵੀਂ ਵਰ੍ਹੇਗੰਢ ਮਨਾਈ। ਇਕ ਦੂਰਦਰਸ਼ੀ, ਸਿੱਖਿਅਕ, ੁਨਰਕਾਰੀ ਦੇ ਮਾਹਰ, ਬਦਲਾਓ ਲਿਆਉਣ ਵਾਲੇ, ਸ਼ਕਤੀਕਰਨ ਦੇ ਵਿਜੇਤਾ, ਪਰਉਪਕਾਰ ਕਰਨ ਨੂੰ ਸਦਾ ਉਤਸੁਕ, ਲੜਕੀਆਂ ਦੀ ਸਿੱਖਿਆ ਨੂੰ ਵਧਾਵਾ ਦੇਣ ਦੇ ਮਰਥਕ, ਇਕ ਮਹਾਨ ਹਸਤੀ ਅਤੇ ਸੋਨੇ ਦਾ ਦਿਲ ਰੱਖਣ ਵਾਲੇ ਸ੍ਰੀ ਅਸ਼ੋਕ ਕੁਮਾਰ ਮਲਹੋਤਰਾ ਜੀ ਦਾ ਨਾਮ ਐੱਮ.ਬੀ.ਡੀ. ਦੇ ਬਰਾਂਡ ਵਿਚ ਭਰੋਸਾ, ਵਿਸ਼ਵਾਸ, ਨਿਮਰਤਾ ਤੇ ਸੇਵਾ ਦੀ ਚੇਤਨਾ ਜਗਾਉਂਦਾ ਹੈ। ਹਰ ਸਾਲ ਆਉਣ ਵਾਲਾ ਇਹ ਸ਼ੁਭ ਦਿਨ ਐੱਮ.ਬੀ.ਡੀ. ਦੇ ਕਰਮਚਾਰੀਆਂ ਦੁਆਰਾ ਆਪਣੇ ਸੰਸਥਾਪਕ ਦੀ ਸੋਚ ਅਤੇ ਟੀਚੇ ਦੇ ਮੁਤਾਬਿਕ ਚੱਲਣ ਲਈ ਆਪਣੇ ਆਪ ਦੀ ਪੁਸ਼ਟੀ ਕਰਨ ਅਤੇ ਆਪਣੇ-ਆਪ ਨੂੰ ਇਸ ਦੇ ਲਈ ਸਮਰਪਿਤ ਕਰਨ ਵੱਜੋਂ ਮਨਾਇਆ ਜਾਂਦਾ ਹੈ। ਪਿਛਲੇ ਸਾਲ ਦੀ ਤਰ੍ਹਾਂ, ਇਹ ਸਮਾਗਮ ਇਸ ਸਾਲ ਵੀ ਮਹਾਂਮਾਰੀ ਕਾਰਨ ਵਰਚੁਅਲ ਹੋ ਗਿਆ ਅਤੇ online ਹੀ ਮਨਾਇਆ ਗਿਆ। ਪਰ ਇਹ ਬਿਲਕੁਲ ਵੀ ਐੱਮ.ਬੀ.ਡੀ. ਗਰੁੱਪ ਦੇ ਉਹਨਾਂ ਚਾਹਵਾਨਾਂ, ਸਰਪ੍ਰਸਤਾਂ, ਕਰਮਚਾਰੀਆਂ ਅਤੇ ਮੈਨੇਜਮੈਂਟ ਦੇ ਜੋਸ਼ ਅਤੇ ਉਤਸ਼ਾਹ ਨੂੰ ਘੱਟ ਨਹੀਂ ਕਰ ਸਕਿਆ, ਜਿਨ੍ਹਾਂ ਨੇ ਇਹ ਸਮਾਰੋਹ ਸਕਾਰਾਤਮਕਤਾ ਅਤੇ ਖੁਸ਼ੀ ਨਾਲ ਮਨਾਇਆ।

ਸ੍ਰੀ ਅਸ਼ੋਕ ਕੁਮਾਰ ਮਲਹੋਤਰਾ ਸਿੱਖਿਆ ਦੀ ਤਾਕਤ ਨੂੰ ਬਦਲਾਓ ਅਤੇ ਸ਼ਕਤੀਕਰਨ ਦਾ ਸ਼ਸਤਰ ਮੰਨਦੇ ਸਨ। ਉਨ੍ਹਾਂ ਦਾ ਜੀਵਨ ਉਸ ਬਦਲਾਅ ਦੀ ਇਕ ਕਿਤਾਬ ਸੀ ਜੋ ਉਹ ਦੇਖਣਾ ਚਾਹੁੰਦੇ ਸਨ। ਉਹ ਜਾਣਦੇ ਸਨ ਕਿ ਇਹ ਟੀਚਾ ਬਹੁਤ ਵੱਡਾ ਹੈ, ਇਸ ਲਈ ਉਹਨਾਂ ਨੇ 1956 ਵਿਚ ਬਹੁਤ ਛੋਟੀ ਉਮਰ, ਆਪਣੀ ਕਿਸ਼ੋਰ ਅਵਸਥਾ ਦੇ ਸ਼ੁਰੂਆਤੀ ਸਾਲਾਂ ਵਿਚ ਪੰਜਾਬ ਦੇ ਜਲੰਧਰ ਜ਼ਿਲ੍ਹੇ 'ਚ ਕੀਤੀ ਅਤੇ ਬਿਨਾਂ ਸ਼ੱਕ ਮਹਜ਼ 13 ਸਾਲ ਦੀ ਉਮਰ ਵਿਚ ਹੀ ਉਨ੍ਹਾਂ ਨੇ ਇਕ ਕਿਤਾਬ ਜਨਰਲ ਐਜੂਕੇਸ਼ਨ ਨਾਮਕ ਖੁਦ ਲਿਖੀ ਅਤੇ ਉਸਦਾ ਪ੍ਰਕਾਸ਼ਨ ਵੀ ਖੁਦ ਕੀਤਾ। ਪਰ ਉਹ ਸਿਰਫ ਸਿੱਖਿਆ ਤਕ ਹੀ ਸੀਮਿਤ ਨਹੀਂ ਰਹੇ। ਕਿਤਾਬਾਂ ਅਤੇ ਛਪਾਈ e-ਸਿੱਖਿਆ ਤੋਂ ਲੈ ਕੇ ਹੱਸਪੀਟੈਲਿਟੀ, ਰਿਅਲਟੀ ਅਤੇ ਡਿਜ਼ਾਇਨ ਅਤੇ ਕਨਸਟਰੱਕਸ਼ਨ ਦੇ ਉਹਨਾਂ ਨੇ ਨਿਵੇਕਲੇ ਸੁਪਨੇ ਦੇਖੇ ਅਤੇ ਉਨ੍ਹਾਂ ਨੂੰ ਸੱਚ ਕਰਨ ਲਈ ਉਹਨਾਂ ਨੇ ਦਿਨ-ਰਾਤ ਇਕ ਕਰ ਦਿੱਤਾ। ਜਿਵੇਂ-ਜਿਵੇਂ ਉਹ ਵੱਧ ਤੋਂ ਵੱਧ ਪ੍ਰਾਪਤੀਆਂ ਕਰਦੇ ਗਏ, ਉਹਨਾਂ ਦੀ ਦੇਣ ਦੀ ਇੱਛਾ ਵੀ ਵੱਧਦੀ ਗਈ। ਉਹ ਆਪਣੀ ਕਿਸਮਤ ਨੂੰ ਬਹੁਤ ਵੱਡੇ ਪੱਧਰ 'ਤੇ ਆਪਣੀ ਐੱਮ.ਬੀ.ਡੀ. ਟੀਮ ਨਾਲ ਅਤੇ ਸਮਾਜ ਨਾਲ ਵੀ ਵੰਡਣਾ ਚਾਹੁੰਦੇ ਸਨ। ਇਹ ਉਹਨਾਂ ਦਾ ਅਟੁੱਟ ਵਿਸ਼ਵਾਸ ਸੀ ਕਿ ਦੂਸਰਿਆਂ ਦੀ ਮਦਦ ਕਰਨ ਨਾਲ ਹਮੇਸ਼ਾ ਸਕਾਰਾਤਮਕ ਰਸਤੇ ਖੁੱਲ੍ਹਦੇ ਹਨ।

ਪਿਛਲੇ ਸਾਲ ਜਦੋਂ ਵਿਦਿਆਰਥੀਆਂ ਨੂੰ ਘਰ ਰਹਿਣਾ ਪਿਆ ਅਤੇ ਸਿੱਖਿਆ ਅਤੇ ਪੜ੍ਹਾਈ ਵਿਚ, ਜਿਵੇਂ ਕਿ ਅਸੀਂ ਜਾਣਦੇ ਹਾਂ, ਬਦਲਾਓ ਆਇਆ, ਐੱਮ.ਬੀ.ਡੀ. ਗਰੁੱਪ ਨੇ AASOKA APPP ਸ਼ੁਰੂ ਕੀਤਾ ਜਿਸਨੇ ਵਿਦਿਆਰਥੀਆਂ ਨੂੰ ਉੱਚ ਕੋਟੀ ਦੀ ਪੜ੍ਹਾਈ ਸਮਗਰੀ ਮੁਹੱਈਆ ਕਰਵਾਈ−−ਈ-ਕਿਤਾਬਾਂ, ਆਡੀਓ ਪਾਠ, ਵੀਡੀਓ ਪਾਠ ਅਤੇ